# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 20:30

**ਮਿਤੀ : 03-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹੈ ਕਿ ਮਾਲੀ ਸੂਝ-ਬੂਝ, ਬੁਨਿਆਦੀ ਢਾਂਚਾ ਨਿਵੇਸ਼, ਅਤੇ ਬਿਹਤਰ ਡਿਲੀਵਰੀ ਵਿਧੀਆਂ ਦੇ ਸੁਮੇਲ ਨੇ ਪਿਛਲੇ ਦਹਾਕੇ ਦੌਰਾਨ ਭਾਰਤ ਦੀ ਆਰਥਿਕ ਤਾਕਤ ਅਤੇ ਲਚਕੀਲੇਪਣ ਨੂੰ ਮਜ਼ਬੂਤ ਕੀਤਾ ਏ।

- ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹੈ ਕਿ ਸਰਕਾਰ ਪਸ਼ੂ ਪਾਲਣ-ਅਧਾਰਿਤ ਪ੍ਰਣਾਲੀਆਂ ਵਿਕਸਿਤ ਕਰ ਰਹੀ ਏ ਅਤੇ ਦਿਹਾਤੀ ਆਰਥਿਕਤਾ ਨੂੰ ਉਤਸ਼ਾਹਿਤ ਕਰ ਰਹੀ ਏ।

- ਕੇਂਦਰ ਸਰਕਾਰ ਵਲੋਂ ਆਉਂਦੀ ਹਾੜ੍ਹੀ ਰੁਤ 2026-27 ਦੌਰਾਨ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਕਣਕ ਦੇ ਪ੍ਰਮਾਣਿਤ

ਬੀਜਾਂ 'ਤੇ ਸਬਸਿਡੀ ਦੇਣ ਲਈ 50 ਕਰੋੜ ਰੁਪਏ ਦੀ ਤਜਵੀਜ਼ ਮਨਜ਼ੂਰ.

- ਯੂਕਰੇਨ ਨੇ ਰੂਸ ਨਾਲ ਸੰਭਾਵਿਤ ਜੰਗਬੰਦੀ ਲਈ ਭਾਰਤ ਦੀ ਤਜਵੀਜ਼ ਨੂੰ ਕੀਵ ਨੂੰ ਪ੍ਰਾਪਤ ਹੋਈਆਂ ਚਾਰ ਪੇਸ਼ਕਸ਼ਾਂ ਵਿੱਚੋਂ ਸਭ ਤੋਂ ਵੱਡਾ ਦੱਸਿਆ ਏ.

- ਏਸ਼ਿਆਈ ਖੇਡਾਂ ਵਿਚ ਭਾਰਤ ਨੇ ਸ਼ਾਨਦਾਰੀ ਕਾਰਗੁਜ਼ਾਰੀ ਦਿਖਾਉਂਦਿਆਂ ਮਰਦਾਂ ਦੇ ਹਾਕੀ ਤੇ ਕ੍ਰਿਕੇਟ ਮੁਕਾਬਲਿਆਂ ‘ਚ ਸੋਨੇ ਦੇ ਤਮਗੇ ਜਿੱਤੇ ਨੇ.

### *ਹੁਣ ਖਬਰਾਂ ਵਿਸਥਾਰ ਨਾਲ*

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਕਿਹਾ ਏ ਕਿ ਮਾਲੀ ਸੂਝ-ਬੂਝ, ਬੁਨਿਆਦੀ ਢਾਂਚਾ ਨਿਵੇਸ਼, ਬੈਂਕਿੰਗ ਸੁਧਾਰਾਂ, ਅਤੇ ਬਿਹਤਰ ਡਿਲੀਵਰੀ ਵਿਧੀਆਂ ਦੇ ਸੁਮੇਲ ਨੇ ਪਿਛਲੇ ਦਹਾਕੇ ਦੌਰਾਨ ਭਾਰਤ ਦੀ ਆਰਥਿਕ ਤਾਕਤ ਅਤੇ ਲਚਕੀਲੇਪਣ ਨੂੰ ਮਜ਼ਬੂਤ ਕੀਤਾ ਏ। ਨਵੀਂ ਦਿੱਲੀ ਵਿੱਚ 5ਵੇਂ ਕੌਟਿਲਯ ਆਰਥਿਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਖਜ਼ਾਨਾ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਜੀਐਸਟੀ, ਦੀਵਾਲੀਆਪਨ ਜ਼ਾਬਤੇ ਅਤੇ ਚਾਰ ਕਿਰਤ ਜ਼ਾਬਤਿਆਂ ਰਾਹੀਂ ਰਾਸ਼ਟਰੀ ਬੁਨਿਆਦੀ

ਢਾਂਚੇ ਨੂੰ ਮਜ਼ਬੂਤ ਕੀਤਾ ਏ। ਉਨ੍ਹਾਂ ਕਿਹਾ ਕਿ ਭਾਰਤ ਨੇ ਪਿਛਲੇ ਚਾਰ ਸਾਲਾਂ ਦੇ ਝਟਕਿਆਂ ਦਾ ਸਾਹਮਣਾ ਕੀਤਾ ਏ ਅਤੇ ਆਪਣੇ ਬੁਨਿਆਦੀ ਸਿਧਾਂਤਾਂ ਨੂੰ ਕਾਇਮ ਰੱਖਿਆ ਏ। ਉਨ੍ਹਾਂ ਨੇ ਮਾਲੀ ਸਾਲ 2026-27 ਦੀ ਪਹਿਲੀ ਤਿਮਾਹੀ ਵਿੱਚ ਅਸਲ ਜੀਡੀਪੀ ਵਿੱਚ 7.8 ਫੀਸਦੀ ਵਾਧਾ ਦਰ ਦਾ ਹਵਾਲਾ ਦਿੱਤਾ। ਢਾਂਚਾ ਵਿਕਾਸ ਬਾਰੇ, ਸ਼੍ਰੀਮਤੀ ਸੀਤਾਰਮਨ ਨੇ ਕਿਹਾ ਕਿ ਇਸ ਮਾਲੀ ਸਾਲ ਲਈ ਪੂੰਜੀ ਖਰਚ 12.22 ਲੱਖ ਕਰੋੜ ਰੁਪਏ ਤੈਅ ਕੀਤਾ ਗਿਆ ਏ। ਉਨ੍ਹਾਂ ਅੱਗੇ ਕਿਹਾ ਕਿ ਰਾਸ਼ਟਰੀ ਸ਼ਾਹਰਾਹ ਨੈੱਟਵਰਕ ਦਾ ਕਰੀਬ 61 ਫੀਸਦੀ ਦਾ ਪਸਾਰ ਹੋਇਆ ਏ ਅਤੇ ਸੰਚਾਲਨ ਹਵਾਈ ਅੱਡਿਆਂ ਦੀ ਗਿਣਤੀ 2014 ਤੋਂ ਦੁੱਗਣੀ ਤੋਂ ਵੱਧ ਹੋ ਗਈ ਏ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ 52 ਕਰੋੜ ਤੋਂ ਵੱਧ ਅਸੁਰੱਖਿਅਤ ਕਰਜ਼ੇ ਮਨਜ਼ੂਰ ਕੀਤੇ ਗਏ ਨੇ. ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਉੱਜਵਲਾ ਯੋਜਨਾ, ਆਯੁਸ਼ਮਾਨ ਭਾਰਤ ਅਤੇ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਦਾ ਹਵਾਲਾ ਦਿੰਦੇ ਹੋਏ, ਸ਼੍ਰੀਮਤੀ ਸੀਤਾਰਮਨ ਨੇ ਕਿਹਾ ਕਿ ਇਨ੍ਹਾਂ ਪਹਿਲਕਦਮੀਆਂ ਨੇ ਨਾਗਰਿਕਾਂ ਦੀ ਵਿਕਾਸ ਵਿੱਚ ਹਿੱਸਾ ਲੈਣ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਯੋਗਤਾ ਨੂੰ ਮਜ਼ਬੂਤ ਕੀਤਾ ਏ।

----------------------------------------------------------

ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਨਰੇਂਦਰ ਮੋਦੀ ਸਰਕਾਰ ਦਿਹਾਤੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਪਸ਼ੂ ਪਾਲਣ ਨਾਲ ਸੰਬੰਧਿਤ ਪ੍ਰਣਾਲੀਆਂ ਵਿਕਸਿਤ ਕਰ ਰਹੀ ਏ। ਇਸ ਵਿੱਚ

ਗਾਂ ਦੇ ਗੋਬਰ ਤੋਂ ਬਾਇਓਗੈਸ ਅਤੇ ਜੈਵਿਕ ਖਾਦ ਪੈਦਾ ਕਰਨ ਤੋਂ ਲੈ ਕੇ ਡੇਅਰੀ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਬਾਜ਼ਾਰ ਪਹੁੰਚ ਪ੍ਰਦਾਨ ਕਰਨ ਤੱਕ ਦੇ ਯਤਨ ਸ਼ਾਮਿਲ ਨੇ. ਅੱਜ ਭੋਪਾਲ ਵਿੱਚ ਇੱਕ ਰਾਜ ਪੱਧਰੀ ਗਊ-ਪਾਲਣ ਸੰਮੇਲਨ ਵਿੱਚ ਬੋਲਦਿਆਂ, ਸ਼੍ਰੀ ਸ਼ਾਹ ਨੇ ਕਿਹਾ ਕਿ ਪਸ਼ੂ ਪਾਲਕ ਸਹਿਕਾਰਤਾ ਮੰਤਰਾਲੇ ਦੀ ਸਥਾਪਨਾ ਦੇ ਸਭ ਤੋਂ ਵੱਡੇ ਲਾਭਪਾਤਰੀਆਂ ਵਿੱਚੋਂ ਇੱਕ ਹੋਣਗੇ । ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸੁਧਾਰਾਂ ਦਾ ਹਵਾਲਾ ਦਿੰਦੇ ਹੋਏ, ਗ੍ਰਹਿ ਮੰਤਰੀ ਨੇ ਕਿਹਾ ਕਿ ਭਾਰਤੀ ਦੰਡ ਸੰਹਿਤਾ ਦੇ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ, ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਦੁਨੀਆ ਵਿੱਚ ਸਭ ਤੋਂ ਆਧੁਨਿਕ ਬਣ ਜਾਵੇਗੀ-

byte

ਸ੍ਰੀ ਸ਼ਾਹ ਨੇ ਕਿਹਾ ਕਿ ਭਾਰਤੀ ਦੰਡ ਸੰਹਿਤਾ ਦੇ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ, ਐਫਆਈਆਰ ਦਰਜ ਕਰਨ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਦੇ ਮਾਮਲਿਆਂ ਦਾ ਨਿਪਟਾਰਾ ਤਿੰਨ ਸਾਲਾਂ ਦੇ ਅੰਦਰ-ਅੰਦਰ ਕੀਤਾ ਜਾਵੇਗਾ ।

------------------------------------------------------------

ਸਰਕਾਰ ਨੇ ਤੁਰਕੀਏ ਤੋਂ ਇੱਕ ਬਦਨਾਮ ਨਸ਼ਾ ਤਸਕਰ ਨਵਪ੍ਰੀਤ ਸਿੰਘ ਨੂੰ ਸਫਲਤਾ ਨਾਲ ਭਾਰਤ ਵਾਪਿਸ ਲਿਆਂਦਾ ਏ. ਦੇਸ਼ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਇਸ ਪ੍ਰਾਪਤੀ 'ਤੇ ਟਿੱਪਣੀ ਕਰਦਿਆਂ, ਸ਼੍ਰੀ ਸ਼ਾਹ ਨੇ ਕਿਹਾ ਕਿ ਨਵਪ੍ਰੀਤ ਸਿੰਘ ਨਵਾਬ ਵਿਰਕ ਦੀ ਝੂਠੀ ਪਛਾਣ ਹੇਠ ਤੁਰਕੀਏ ਦੀ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ

ਅਫਗਾਨਿਸਤਾਨ ਤੋਂ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰ ਰਿਹਾ ਸੀ। ਗ੍ਰਹਿ ਮੰਤਰੀ ਨੇ ਕਿਹਾ ਕਿ ਨਵਪ੍ਰੀਤ ਸਿੰਘ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹੋਰ ਅਪਰਾਧਾਂ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਜੇਲ੍ਹ ਭੇਜਿਆ ਗਿਆ ਏ. ਇਸ ਸਫਲਤਾ ਲਈ ਸਾਰੀਆਂ ਏਜੰਸੀਆਂ ਨੂੰ ਵਧਾਈ ਦਿੰਦੇ ਹੋਏ, ਗ੍ਰਹਿ ਮੰਤਰੀ ਨੇ ਕਿਹਾ ਕਿ ਸਰਕਾਰ ਦਸੰਬਰ 2029 ਤੋਂ ਨਸ਼ੀਲੇ ਪਦਾਰਥਾਂ ਦੇ ਹਰ ਗਿਰੋਹ ਨੂੰ ਖਤਮ ਕਰਨ ਲਈ ਵਚਨਬੱਧ ਏ।

---

ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਨੇ ਆਉਂਦੀ ਹਾੜ੍ਹੀ ਰੁਤ 2026-27 ਦੌਰਾਨ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਕਣਕ ਦੇ ਪ੍ਰਮਾਣਿਤ ਬੀਜਾਂ 'ਤੇ ਸਬਸਿਡੀ ਦੇਣ ਲਈ 50 ਕਰੋੜ ਰੁਪਏ ਦੀ ਤਜਵੀਜ਼ ਨੂੰ ਮਨਜ਼ੂਰੀ ਦਿੱਤੀ ਏ। ਇਹ ਜਾਣਕਾਰੀ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸਾਂਝੀ ਕੀਤੀ। ਓਹਨਾਂ ਦੱਸਿਆ ਕਿ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਉਨ੍ਹਾਂ ਨੂੰ ਵਿਸ਼ੇਸ਼ ਪੱਤਰ ਭੇਜ ਕੇ ਇਸ ਫੈਸਲੇ ਦੀ ਜਾਣਕਾਰੀ ਦਿੱਤੀ ਏ। ਉਨ੍ਹਾਂ ਦੱਸਿਆ ਕਿ ਇਹ ਸਹਾਇਤਾ 'ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਪੋਸ਼ਣ ਮਿਸ਼ਨ' (N.F.S.N.M.) ਦੇ ਬੀਜ ਹਿੱਸੇ ਅਧੀਨ ਦਿੱਤੀ ਜਾਵੇਗੀ। ਸ਼੍ਰੀ ਢਿੱਲੋਂ ਨੇ ਕਿਹਾ ਕਿ ਪ੍ਰਧਾਨਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਦੀ ਸਥਿਤੀ ਨੂੰ ਬਿਹਤਰ ਬਣਾਉਣ, ਉਨ੍ਹਾਂ ਦੀ

ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਅਤੇ ਸੂਬੇ ਦੇ ਖੇਤੀ ਖੇਤਰ ਦੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦੇਣ ਲਈ ਨਿਰੰਤਰ ਵਚਨਬੱਧਏ। ਸ਼੍ਰੀ ਢਿੱਲੋਂ ਨੇ ਪੰਜਾਬ ਦੇ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੇਂ ਸਿਰ ਲਈ ਗਏ ਇਸ ਫੈਸਲੇ ਨਾਲ ਹਾੜ੍ਹੀ ਰੁਤ ਦੀ ਬੀਜਾਈ ਤੋਂ ਪਹਿਲਾਂ ਕਿਸਾਨਾਂ ਨੂੰ ਵਧੀਆ ਗੁਣਵੱਤਾ ਵਾਲਾ ਕਣਕ ਦਾ ਬੀਜ ਰਿਆਇਤੀ ਦਰਾਂ 'ਤੇ ਮੁਹੱਈਆ ਹੋ ਸਕੇਗਾ।

----------------------------------------------------------------

ਯੂਕਰੇਨ ਨੇ ਰੂਸ ਨਾਲ ਸੰਭਾਵਿਤ ਜੰਗਬੰਦੀ ਲਈ ਭਾਰਤ ਦੀ ਤਜਵੀਜ਼ ਨੂੰ ਕੀਵ ਨੂੰ ਪ੍ਰਾਪਤ ਹੋਈਆਂ ਚਾਰ ਪੇਸ਼ਕਸ਼ਾਂ ਵਿੱਚੋਂ ਸਭ ਤੋਂ ਵੱਡਾ ਦੱਸਿਆ ਏ. ਯੂਕਰੇਨ ਦੇ ਵਿਦੇਸ਼ ਮੰਤਰੀ ਐਂਡਰੀ ਸਿਬੀਹਾ ਨੇ ਕਿਹਾ ਏ ਕਿ ਦੇਸ਼, ਊਰਜਾ ਬੁਨਿਆਦੀ ਢਾਂਚੇ ਅਤੇ ਕਾਲੇ ਸਾਗਰ ਨੂੰ ਕਵਰ ਕਰਨ ਵਾਲੀ ਜੰਗਬੰਦੀ 'ਤੇ ਵਿਚਾਰ ਕਰਨ ਲਈ ਤਿਆਰ ਏ। ਰੂਸ-ਯੂਕਰੇਨ ਜੰਗ, ਜੋ ਹੁਣ ਆਪਣੇ ਪੰਜਵੇਂ ਸਾਲ ਵਿੱਚ ਏ, ਵਿਚ ਹਜ਼ਾਰਾਂ ਨਾਗਰਿਕ ਮਾਰੇ ਗਏ ਨੇ, ਲੱਖਾਂ ਬੇਘਰ ਹੋ ਗਏ ਨੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਵਿਆਪਕ ਤਬਾਹੀ ਹੋਈ ਏ. ਇਹ ਟਿੱਪਣੀਆਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਇਸ ਬਿਆਨ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯੂਕਰੇਨ ਸੰਘਰਸ਼ ਦਾ ਆਪਸੀ ਤੌਰ 'ਤੇ ਸਵੀਕਾਰਯੋਗ ਹੱਲ ਲੱਭਣ ਲਈ ਬੇਹਦ ਵਧੀਆ ਵਿਚਾਰ ਨੇ, ਤੋਂ ਇੱਕ

ਦਿਨ ਬਾਅਦ ਆਈਆਂ ਨੇ. ਸਿਬੀਹਾ ਨੇ ਕਿਹਾ ਕਿ ਸੰਭਾਵਿਤ ਜੰਗਬੰਦੀ ਲਈ ਤਜਵੀਜਾਂ, ਭਾਰਤ, ਤੁਰਕੀਏ, ਮਿਸਰ ਅਤੇ ਅਮਰੀਕਾ ਤੋਂ ਆਈਆਂ ਨੇ. ਉਨ੍ਹਾਂ ਕਿਹਾ ਕਿ, ਕੀਵ ਜੰਗਬੰਦੀ ਲਈ ਵੱਖ-ਵੱਖ ਫਾਰਮੈਟਾਂ 'ਤੇ ਵਿਚਾਰ ਕਰਨ ਲਈ ਤਿਆਰ ਏ, ਪਰ ਕਿਸੇ ਵੀ ਸਮਝੌਤੇ ਵਿੱਚ ਨਾ ਸਿਰਫ਼ ਲੜਾਈ ਕਾਰਜਾਂ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਏ, ਸਗੋਂ ਊਰਜਾ ਅਤੇ ਬੰਦਰਗਾਹ ਬੁਨਿਆਦੀ ਢਾਂਚੇ 'ਤੇ ਹਮਲੇ ਅਤੇ ਕਾਲੇ ਸਾਗਰ ਦੀ ਸਥਿਤੀ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਏ।

---------------------------------------------------------------

ਓਮਾਨ ਵਿੱਚ ਭਾਰਤੀ ਦੂਤਘਰ ਨੇ ਹੋਰਮੁਜ਼ ਪਣਜੋੜ ਵਿੱਚ ਕੁਵੈਤੀ ਝੰਡੇ ਵਾਲੇ ਟੈਂਕਰ ਐਮਟੀ ਕਾਜ਼ੀਮਾ III 'ਤੇ ਹੋਏ ਹਮਲੇ ਵਿੱਚ ਫਸੇ ਪੰਜ ਭਾਰਤੀ ਨਾਗਰਿਕਾਂ ਨੂੰ ਬਚਾਉਣ ਲਈ ਬਚਾਅ ਕਾਰਜ ਦਾ ਤਾਲਮੇਲ ਕੀਤਾ। ਦੂਤਘਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਏ ਕਿ ਸਾਰੇ ਪੰਜ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਢੰਗ ਨਾਲ ਸਾਹਿਲ ‘ਤੇ ਪਹੁੰਚਾ ਦਿੱਤਾ ਗਿਆ ਏ. ਦੂਤਘਰ ਨੇ ਓਮਾਨੀ ਅਧਿਕਾਰੀਆਂ ਦਾ ਉਨ੍ਹਾਂ ਦੇ ਨਿਰੰਤਰ ਸਹਿਯੋਗ ਅਤੇ ਮਦਦ ਲਈ ਧੰਨਵਾਦ ਕੀਤਾ । ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਵਿਦੇਸ਼ਾਂ ਵਿੱਚ ਭਾਰਤੀ ਨਾਵਿਕਾਂ ਦੀ ਸੁਰੱਖਿਆ ਅਤੇ ਸਲਾਮਤੀ ਲਈ ਵਚਨਬੱਧ ਏ.

---------------------------------------------------------------

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੀਜ਼ਲ ਦੀ ਬਰਾਮਦ 'ਤੇ ਪਾਬੰਦੀ ਲਾਉਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਏ। ਉਨ੍ਹਾਂ ਕਿਹਾ ਕਿ ਯੂਰਪੀ ਦੇਸ਼ਾਂ ਨੇ ਬਾਜ਼ਾਰ ਵਿੱਚ ਈਂਧਨ ਦੀ ਉਪਲਬਧਤਾ ਵਧਾਉਣ ਦਾ ਵਾਅਦਾ ਕੀਤਾ ਏ। ਇਸ ਨਾਲ ਊਰਜਾ ਦੀਆਂ ਲਾਗਤਾਂ ਘਟਾਉਣ ਵਿੱਚ ਮਦਦ ਮਿਲੇਗੀ। ਸ੍ਰੀ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਨਿੱਜੀ ਤੌਰ 'ਤੇ ਯੂਰਪ ਨੂੰ ਡੀਜ਼ਲ ਦੀ ਸਪਲਾਈ ਵਧਾਉਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਈਰਾਨ ਵਿਵਾਦ ਦੇ ਹੱਲ ਹੋਣ ਤੋਂ ਬਾਅਦ ਪੈਟਰੋਲੀਅਮ ਦੀਆਂ ਕੀਮਤਾਂ ਘੱਟ ਜਾਣਗੀਆਂ।

----------------------------------------------------------------

ਹਵਾਈ ਫੌਜ ਮੁਖੀ, ਏਅਰ ਮਾਰਸ਼ਲ ਏਪੀ ਸਿੰਘ ਨੇ ਕਿਹਾ ਏ ਕਿ ਆਲਮੀ ਟਕਰਾਅ ਦੇ ਇਸ ਯੁੱਗ ਵਿੱਚ, ਜਦੋਂ ਹਰ ਦੇਸ਼ ਕੋਲ ਗੋਲੀ – ਸਿੱਕਾ ਜਹਾਜ਼, ਸੰਚਾਲਨ ਪ੍ਰਣਾਲੀਆਂ ਅਤੇ ਲੌਜਿਸਟਿਕਲ ਸਪਲਾਈ ਦੇ ਸੀਮਿਤ ਭੰਡਾਰ ਨੇ, ਆਤਮ -ਨਿਰਭਰਤਾ ਸਮੇਂ ਦੀ ਸਭ ਤੋਂ ਜ਼ਰੂਰੀ ਲੋੜ ਏ. ੯੪ਵੇਂ ਹਵਾਈ ਫੌਜ ਦਿਵਸ ਤੋਂ ਪਹਿਲਾਂ ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਸ੍ਰੀ ਸਿੰਘ ਨੇ ਕਿਹਾ ਕਿ ਆਤਮ-ਨਿਰਭਰਤਾ ਪ੍ਰਾਪਤ ਕਰਨ ਲਈ ਕਾਫ਼ੀ ਯਤਨ ਕੀਤੇ ਗਏ ਨੇ. ਉਨ੍ਹਾਂ ਅੱਗੇ ਕਿਹਾ ਕਿ ਏਆਈ ਅੱਜ ਭਾਰਤੀ ਹਵਾਈ ਫੌਜ ਦੇ ਹਰ ਖੇਤਰ ਵਿੱਚ ਫੈਲ ਰਿਹਾ ਏ. ਸ੍ਰੀ ਸਿੰਘ ਨੇ ਕਿਹਾ ਕਿ ਭਾਰਤੀ ਹਵਾਈ ਫੌਜ ਦੀ ਇੱਕ ਵੱਖਰੀ ਡਰੋਨ ਫੋਰਸ ਬਣਾਉਣ ਦੀ ਕੋਈ ਯੋਜਨਾ ਨਹੀਂ ਏ। ਓਹਨਾਂ ਕਿਹਾ ਕਿ ਵੱਖ-ਵੱਖ ਹਥਿਆਰ ਪ੍ਰਣਾਲੀਆਂ ਨੂੰ ਵਖਰਾ – ਵਖਰਾ ਨਹੀਂ ਚਲਾਇਆ

ਜਾ ਸਕਦਾ ਅਤੇ ਲੋੜੀਂਦੇ ਸੰਚਾਲਨ ਪ੍ਰਭਾਵ ਲਈ ਉਨ੍ਹਾਂ ਦਾ ਏਕੀਕਰਨ ਜ਼ਰੂਰੀ ਏ। ਉਨ੍ਹਾਂ ਕਿਹਾ ਕਿ ਡਰੋਨ ਭਾਰਤੀ ਹਵਾਈ ਫੌਜ ਲਈ ਇੱਕ ਇਨਕਲਾਬੀ ਕਾਢ ਨਹੀਂ ਨੇ, ਸਗੋਂ ਇਸਦੇ ਹੌਲੀ-ਹੌਲੀ ਵਿਕਾਸ ਦਾ ਹਿੱਸਾ ਨੇ.

--------------------------------------------------------------------

ਹਾਕੀ ਵਿੱਚ, ਭਾਰਤ ਨੇ ਮਲੇਸ਼ੀਆ ਨੂੰ 5-1 ਨਾਲ ਹਰਾ ਕੇ ਸੋਨੇ ਦਾ ਤਮਗਾ ਹਾਸਿਲ ਕੀਤਾ ਏ ਤੇ 2028 ਲਾਸ ਏਂਜਲਸ ਓਲੰਪਿਕ ਲਈ ਸਿੱਧਾ ਕੁਆਲੀਫਾਈ ਵੀ ਕਰ ਲਿਆ ਏ. ਮਰਦਾਂ ਦੇ ਕ੍ਰਿਕੇਟ ਵਿੱਚ ਵੀ ਭਾਰਤ ਨੇ twenty -20 ਫਾਈਨਲ ਵਿੱਚ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਹਰਾ ਕੇ ਸੋਨੇ ਦਾ ਤਮਗਾ ਹਾਸਿਲ ਕੀਤਾ. ਭਾਰਤੀ ਪਹਿਲਵਾਨ ਅਮਨ ਸਹਿਰਾਵਤ ਨੇ ਫਾਈਨਲ ਵਿੱਚ ਮਰਦਾਂ ਦੇ 57 ਕਿਲੋਗ੍ਰਾਮ ਮੁਕਾਬਲੇ ‘ਚ ਸੋਨੇ ਦਾ ਤਮਗਾ ਜਿੱਤਿਆ. ਪ੍ਰਣਵੀ ਉਰਸ ਗੋਲਫ ਵਿੱਚ ਏਸ਼ੀਆਈ ਖੇਡਾਂ ਦਾ ਸੋਨੇ ਦਾ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਔਰਤ ਬਣ ਗਈ ਏ. ਇਨ੍ਹਾਂ ਪ੍ਰਭਾਵਸ਼ਾਲੀ ਕਾਰਗੁਜ਼ਾਰੀਆਂ ਨਾਲ, ਭਾਰਤ ਤਮਗਾ ਸੂਚੀ ਵਿੱਚ ਚੌਥੇ ਸਥਾਨ 'ਤੇ ਪਹੁੰਚ ਗਿਆ ਏ। ਦੇਸ਼ ਦੇ ਤਮਗਿਆਂ ਦੀ ਗਿਣਤੀ 85 ਹੋ ਗਈ ਏ , ਜਿਸ ਵਿੱਚ 21 ਸੋਨੇ ਦੇ , 27 ਚਾਂਦੀ ਦੇ ਅਤੇ 37 ਕਾਂਸੀ ਦੇ ਤਮਗੇ ਸ਼ਾਮਿਲ ਨੇ. ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਤਮਗਾ ਜੇਤੂਆਂ ਨੂੰ ਵਧਾਈ ਦਿੱਤੀ ਏ.

---

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹੈ ਕਿ ਮਾਲੀ ਸੂਝ-ਬੂਝ, ਬੁਨਿਆਦੀ ਢਾਂਚਾ ਨਿਵੇਸ਼, ਅਤੇ ਬਿਹਤਰ ਡਿਲੀਵਰੀ ਵਿਧੀਆਂ ਦੇ ਸੁਮੇਲ ਨੇ ਪਿਛਲੇ ਦਹਾਕੇ ਦੌਰਾਨ ਭਾਰਤ ਦੀ ਆਰਥਿਕ ਤਾਕਤ ਅਤੇ ਲਚਕੀਲੇਪਣ ਨੂੰ ਮਜ਼ਬੂਤ ਕੀਤਾ ਏ।

- ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹੈ ਕਿ ਸਰਕਾਰ ਪਸ਼ੂ ਪਾਲਣ-ਅਧਾਰਿਤ ਪ੍ਰਣਾਲੀਆਂ ਵਿਕਸਿਤ ਕਰ ਰਹੀ ਏ ਅਤੇ ਦਿਹਾਤੀ ਆਰਥਿਕਤਾ ਨੂੰ ਉਤਸ਼ਾਹਿਤ ਕਰ ਰਹੀ ਏ।

- ਕੇਂਦਰ ਸਰਕਾਰ ਵਲੋਂ ਆਉਂਦੀ ਹਾੜ੍ਹੀ ਰੁਤ 2026-27 ਦੌਰਾਨ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਕਣਕ ਦੇ ਪ੍ਰਮਾਣਿਤ ਬੀਜਾਂ 'ਤੇ ਸਬਸਿਡੀ ਦੇਣ ਲਈ 50 ਕਰੋੜ ਰੁਪਏ ਦੀ ਤਜਵੀਜ਼ ਮਨਜ਼ੂਰ.

- ਯੂਕਰੇਨ ਨੇ ਰੂਸ ਨਾਲ ਸੰਭਾਵਿਤ ਜੰਗਬੰਦੀ ਲਈ ਭਾਰਤ ਦੀ ਤਜਵੀਜ਼ ਨੂੰ ਕੀਵ ਨੂੰ ਪ੍ਰਾਪਤ ਹੋਈਆਂ ਚਾਰ ਪੇਸ਼ਕਸ਼ਾਂ ਵਿੱਚੋਂ ਸਭ ਤੋਂ ਵੱਡਾ ਦੱਸਿਆ ਏ.

- ਏਸ਼ਿਆਈ ਖੇਡਾਂ ਵਿਚ ਭਾਰਤ ਨੇ ਸ਼ਾਨਦਾਰੀ ਕਾਰਗੁਜ਼ਾਰੀ ਦਿਖਾਉਂਦਿਆਂ ਮਰਦਾਂ ਦੇ ਹਾਕੀ ਤੇ ਕ੍ਰਿਕੇਟ ਮੁਕਾਬਲਿਆਂ ‘ਚ ਸੋਨੇ ਦੇ ਤਮਗੇ ਜਿੱਤੇ ਨੇ.

---------------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਰਾਸ਼ਟਰੀ ਖਬਰਾਂ ਦਾ ਬੁਲੇਟਿਨ ਰਾਤੀਂ ਸਾਢੇ 8 ਵਜੇ ਹੋਏਗਾ. ਨਮਸਕਾਰ!**